# Sample Paper 1

1. **ਬਹੁ ਵਿਕਲਪੀ ਪ੍ਰਸ਼ਨ**

**I.** ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸਹੀ ਨਹੀਂ ਹੈ।

a. $a + b = b + a$

b. $a \times (b + c) = ab + ac$

c. $a \times b = b \times a$

d. $a - b = b - a$

**II.** ਇੱਕ ਚਲ ਵਾਲੇ ਰੇਖੀ ਸਮੀਕਰਨ ਦੀ ਘਾਤ ਦੱਸੋ

a. 0 b. 1

c. 2 d. 3

**III.** ਜੇ ਇੱਕ ਸਮਾਂਤਰ ਚਤੁਰਭੁਜ ਦੀਆਂ ਲਾਗਵੀਆਂ ਭੁਜਾਵਾਂ ਬਰਾਬਰ ਹੋਣ ਤਾਂ ਉਹ ਕਿਹੜੀ ਚਤੁਰਭੁਜ ਬਣਦੀ ਹੈ?

a. ਸਮਲੰਬ ਚਤੁਰਭੁਜ b. ਆਇਤ

c. ਵਰਗ d. ਸਮ ਚਤੁਰਭੁਜ

**IV.** 248 ਦੇ ਵਰਗ ਦਾ ਇਕਾਈ ਅੰਕ ਦੱਸੋ।

a. 8 b. 4

c. 2 d. 6

**V.** $8^2$ ਅਤੇ $9^2$ ਵਿਚ ਕਿੰਨੀਆਂ ਪ੍ਰਾਕ੍ਰਿਤਿਕ ਸੰਖਿਆਵਾਂ ਹਨ?

a. 12 b. 19

c. 16 d. 18

**VI.** ਹੇਠਾਂ ਲਿਖਿਆਂ ਵਿੱਚੋਂ ਕਿਹੜਾ ਪੂਰਨ ਘਣ ਨਹੀਂ ਹੈ?

a. 27 b. 64

c. 96 d. 125

**VII.** ਹੇਠਾਂ ਲਿਖਿਆਂ ਵਿੱਚੋਂ ਕਿਹੜੀ ਟੈਕਸ ਸਲੈਬ GST ਨਹੀਂ ਹੈ?

a. 0 % b. 6 %

c. 5 % d. 12 %.

**VIII.** $2a - b$ ਅਤੇ $a - 2b$ ਨੂੰ ਜੋੜੋ।

a. $a - b$ b. $2a - 2b$

c. $3a - 3b$ d. $a + b$

**IX.** ਵਰਗ ਦਾ ਖੇਤਰਫਲ ਪਤਾ ਕਰੋ ਜੇ ਉਸਦਾ ਵਿਕਰਨ $d$ ਹੈ।

come-become-educated
Abhyaas

a. $d^2$ b. $\frac{1}{2}d$

c. $\frac{1}{2}d^2$ d. $2d^2$

**X.** ਘਣ ਦੀ ਸਤਾ ਦਾ ਖੇਤਰਫਲ ਜੇ ਭੁਜਾ $l$ ਹੈ।

a. $4l^2$ b. $6l^2$

c. $l^2$ d. $l^3$

**XI.** $2^{-3} =$

a. -8 b. 8

c. $\frac{-1}{8}$ d. $\frac{1}{8}$

**XII.** $1.06 \times 10^5 =$

a. 10600 b. 1060000

c. 10600000 d. 106000

**XIII.** $7a^2 + 14a$ ਦੇ ਗੁਣਨਖੰਡੀ ਕਰਨ ਕਰੋ

a. $7a(a + 14)$ b. $7a(a^2 + 2)$

c. $7a(a + 2)$ d. $7a^2 + 2$

**XIV.** $-20x^4 \div 10x^2 =$

a. $-10x^4$ b. $-10x^2$

c. $-2x$ d. $-2x^2$

**XV.** ਹੇਠਾਂ ਲਿਖਿਆ ਵਿੱਚੋਂ ਕਿਹੜਾ ਬਿੰਦੂ $x$ ਧੁਰੇ ਤੇ ਸਥਿਤ ਹੈ।

a. $(y, 0)$ b. $(0, x)$

c. $(x, x)$ d. $(x, y)$

**XVI.** $\frac{2}{3}$ ਦਾ ਜੋੜਾਤਮਕ ਤਤਸਮਕ ਦੱਸੋ

a. 0 b. $\frac{-2}{3}$

c. 1 d. $\frac{3}{2}$

**2. ਖਾਲੀ ਸਥਾਨ ਭਰੋ**

**I.** ਜੇ ਸਮਾਂਤਰ ਚਤੁਰਭੁਜ ਦੀਆਂ ਸਨਮੁੱਖ ਭੁਜਾਵਾਂ $6x$ ਅਤੇ 24 ਹਨ, ਤਾਂ $x$= .........

**II.** ਵਰਗ ਅੰਤਰਾਲ 20-40 ਦੀ ਹੇਠਲੀ ਸੀਮਾ ....

**III.** ਜਿਸਤ ਸੰਖਿਆ ਦਾ ਵਰਗ ਹਮੇਸ਼ਾਂ........ਸੰਖਿਆ ਹੁੰਦਾ ਹੈ।

**IV.** ਰਿਣਾਤਮਕ ਸੰਖਿਆ ਦਾ ਘਣ ਹਮੇਸ਼ਾਂ ........... ਸੰਖਿਆ ਹੁੰਦਾ ਹੈ।

**V.** ਕਟੌਤੀ % = $\frac{\text{ਕਟੌਤੀ}}{\text{........}}$ ×100

**VI.** ਜੇ $3^{2x} = 3^{-4}$ ਹੈ ਤਾਂ $x = \cdots$.

**VII.** ਬਿੰਦੂ (5,7) ਦਾ ਭੁਜ...... ਹੈ

**3. ਸਹੀ ਗਲਤ ਚੁਣੋ**

**I.** ਇੱਕ ਚਲ ਵਿੱਚ ਰੇਖੀ ਸਮੀਕਰਨ ਦੀ ਘਾਤ 1 ਹੁੰਦੀ ਹੈ।

**II.** ਸਮ ਚਤੁਰਭੁਜ ਦੇ ਲਾਗਵੇਂ ਕੋਣ ਬਰਾਬਰ ਹੁੰਦੇ ਹਨ

**III.** ਅੰਗਰੇਜ਼ੀ ਵਰਨਮਾਲਾ ਵਿੱਚ ਸਵਰ ਦੀ ਸੰਭਾਵਨਾ $\frac{5}{26}$ ਹੈ।

**IV.** ਵਿਅੰਜਕ $3x^2 - x + 2$ ਵਿੱਚ $x$ ਦਾ ਗੁਣਾਂਕ 1 ਹੈ।

**V.** ਸਮ ਚਤੁਰਭੁਜ ਦਾ ਖੇਤਰਫਲ = ਆਧਾਰ ×ਸਿਖਰ ਲੰਬ

**VI.** ਜੇ $x_1, x_2, y_1, y_2$ ਸਿੱਧੇ ਸਮਾਨ ਅਨੁਪਾਤ ਵਿੱਚ ਹਨ ਤਾਂ $x_1y_1 = x_2y_2$

**VII.** $(a+b)^2 = a^2 + 2ab + b^2$

come-become-educated
Abhyaas:

**4.** ਹੱਲ ਕਰੋ $\frac{-16}{5} \times \frac{20}{9} \times \frac{-3}{4}$

**5.** 1764 ਦਾ ਵਰਗਮੂਲ ਪਤਾ ਕਰੋ।

**6.** 42875 ਦਾ ਘਣਮੂਲ ਪਤਾ ਕਰੋ।

**7.** $\left\{\left(\frac{1}{3}\right)^{-1} - \left(\frac{1}{4}\right)^{-1}\right\}^{-1}$ ਦਾ ਮੁੱਲ ਪਤਾ ਕਰੋ।

**8.** ਹੱਲ ਕਰੋ $\frac{2x}{3} + 1 = \frac{7x}{15} + 3$

**ਜਾਂ** ਇੱਕ ਸੰਖਿਆ, ਦੂਸਰੀ ਸੰਖਿਆ ਦਾ 5 ਗੁਣਾ ਹੈ, ਜੇ ਦੋਨੋਂ ਸੰਖਿਆਵਾਂ ਵਿੱਚ 21 ਜੋੜ ਦਿੱਤਾ ਜਾਵੇ ਤਾਂ ਵੱਡੀ ਸੰਖਿਆ, ਛੋਟੀ ਸੰਖਿਆ ਦਾ ਦੁਗਣਾ ਹੋ ਜਾਵੇਗੀ। ਸੰਖਿਆਵਾਂ ਪਤਾ ਕਰੋ।

**9.** ਜੇ ਸਮਾਂਤਰ ਚਤੁਰਭੁਜ ਦੇ ਲਾਗਵੇਂ ਕੋਣ ਬਰਾਬਰ ਹੋਣ ਤਾਂ ਸਾਰੇ ਕੋਣ ਪਤਾ ਕਰੋ।

**10.** ਸਰਲ ਕਰੋ $(5y^2 - 1)(5y^2 + 2) - 4$

**11.** 12 ਚੋਕਲੇਟਾਂ ਦਾ ਮੁੱਲ 180 ਰੁਪਏ ਹੈ ਤਾਂ 330 ਰੁਪਏ ਵਿੱਚ ਕਿੰਨੀਆਂ ਚੋਕਲੇਟਾਂ ਆਉਣਗੀਆਂ?

**ਜਾਂ** ਇੱਕ ਸਕੂਲ ਵਿੱਚ 45 ਮਿੰਟਾਂ ਦੇ 8 ਪੀਰੀਅਡ ਲੱਗਦੇ ਹਨ, ਉਸ ਸਮੇਂ ਵਿੱਚ 40 ਮਿੰਟਾਂ ਦੇ ਕਿੰਨੇ ਪੀਰੀਅਡ ਲੱਗਣਗੇ?

**12.** $a^4 - 81$ ਦਾ ਗੁਣਨ ਖੰਡੀਕਰਨ ਕਰੋ।

**ਜਾਂ** ਮਿਲਾਨ ਕਰੋ

| | | |
|---|---|---|
| I. | $2x^2 + 3xy$ | a) $(2x - 3y)(2x + 3y)$ |
| II. | $4x^2 - 9y^2$ | $b)2x(x + 1)$ |
| III. | $2x^2 - 4x$ | c) $x(2x + 3y)$ |
| IV. | $2x^2 + 2x$ | d) $2x(x - 2)$ |

**13.** ਬਿੰਦੂਆਂ (3,7), (3,4), (3,2) ਅਤੇ (3,0) ਨੂੰ ਆਲੇਖ ਪੇਪਰ ਦੇ ਆਲੇਖਿਤ ਕਰੋ ਅਤੇ ਜਾਂਚ ਕਰੋ ਕਿ ਇਹ ਇੱਕ ਸਰਲ ਰੇਖਾ ਤੇ ਹਨ।

**14.** ਦਿੱਤੀ ਸੂਚਨਾ ਦਾ ਗੋਲ ਨਕਸ਼ਾ ਬਣਾਓ।

| ਕਿਰਿਆ | ਸੋਣਾ | ਸਕੂਲ ਸਮਾਂ | ਘਰ ਦਾ ਕੰਮ | ਖੇਡਣਾ | ਹੋਰ |
|---|---|---|---|---|---|
| ਘੰਟੇ | 8 | 7 | 4 | 3 | 2 |

**ਜਾਂ** ਦਿੱਤੇ ਆਇਤ ਚਿੱਤਰ ਨੂੰ ਦੇਖਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।



**I.** ਆਇਤ ਚਿੱਤਰ ਵਿੱਚ ਦਰਸ਼ਾਈ ਸੂਚਨਾ ਬਾਰੇ ਦੱਸੋ।

**II.** ਕਿਹੜੇ ਗਰੁੱਪ ਵਿੱਚ ਸਭ ਤੋਂ ਵੱਧ ਲੜਕੀਆਂ ਹਨ?

**III.** ਕਿੰਨੀਆਂ ਲੜਕੀਆਂ ਦਾ ਕੱਦ 145 ਸੈ ਮੀ ਜਾਂ ਉਸ ਤੋਂ ਜਿਆਦਾ ਹੈ?

**IV.** ਕਿਹੜੇ ਗਰੁੱਪ ਵਿੱਚ ਸਭ ਤੋਂ ਘੱਟ ਲੜਕੀਆਂ ਹਨ?

**15.** 24000 ਰੁਪਏ ਦਾ 10% ਸਲਾਨਾ ਦਰ ਨਾਲ 2 ਸਾਲ ਦਾ ਮਿਸ਼ਰਤ ਵਿਆਜ ਪਤਾ ਕਰੋ।

**ਜਾਂ** ਹੇਠਾਂ ਦਿੱਤੀਆਂ ਰਸੀਦਾਂ ਦੀ ਬਿੱਲ ਰਾਸ਼ੀ ਪਤਾ ਕਰੋ।

**I.** ਜੇ ਬਿੱਲ 670 ਰੁਪਏ ਅਤੇ ਕਟੋਤੀ 10% ਹੈ।

**II.** ਜੇ ਬਿੱਲ 1010 ਰੁਪਏ ਅਤੇ ਕਟੋਤੀ 10% ਹੈ।

**16.** ਇੱਕ ਆਇਤਕਾਰ ਪਾਰਕ ਦਾ ਆਕਾਰ 30 ਮੀ× 20 ਮੀ ਹੈ, ਇਸਦੇ ਚਾਰੇ ਕੋਨਿਆਂ ਤੇ 2 ਮੀ × 2 ਮੀ ਵਰਗਾਕਾਰ ਕਿਆਰੀਆਂ ਬਣਾਈਆਂ ਹਨ। ਪਤਾ ਕਰੋ




i) ਪਾਰਕ ਦਾ ਖੇਤਰਫਲ

ii) ਕਿਆਰੀਆਂ ਦਾ ਖੇਤਰਫਲ

iii) ਘਾਹ ਦਾ ਖੇਤਰਫਲ

**ਜਾਂ** ਇੱਕ ਘਣਾਕਾਰ ਗੁਦਾਮ ਦਾ ਆਕਾਰ 60 ਮੀ × 32 ਮੀ × 30 ਮੀ ਹੈ। ਉਸ ਵਿੱਚ 8 ਮੀ³ ਘਣਤਾ ਵਾਲੇ ਕਿੰਨੇ ਘਣਾਕਾਰ ਬਕਸੇ ਰੱਖੇ ਜਾ ਸਕਦੇ ਹਨ?

come become educated Abhyaas